Alberta

**ਨਿਊਜ਼** ਰਿਲੀਜ਼

# 1 ਮਿਲੀਅਨ ਐਲਬਰਟਾ ਨਿਵਾਸੀ ਪੁੱਜਤਯੋਗਤਾ ਭੁਗਤਾਨ ਪ੍ਰਾਪਤ ਕਰਨਗੇ

09 ਫਰਵਰੀ, 2023 ਮੀਡੀਆ ਇਨਕੁਆਰੀਆਂ

## ਇਕ ਮਿਲੀਅਨ ਤੋਂ ਵਧੇਰੇ ਐਲਬਰਟਾ ਨਿਵਾਸੀ ਪੁੱਜਤਯੋਗਤਾ ਭੁਗਤਾਨਾਂ ਲਈ ਐਨਰੋਲ ਹੋਏ ਅਤੇ 100 ਡਾਲਰ ਦੇ ਛੇ ਪੁੱਜਤਯੋਗਤਾ ਭੁਗਤਾਨਾਂ 'ਚੋਂ ਆਪਣੇ ਪਹਿਲੇ ਭੁਗਤਾਨ ਪ੍ਰਾਪਤ ਕਰਨ ਲਈ ਅਨੁਸੂਚਿਤ ਹੋਏ ਹਨ, ਭੁਗਤਾਨ ਜੋ 96 ਮਿਲੀਅਨ ਡਾਲਰ ਦੀ ਪੁੱਜਤਯੋਗਤਾ ਰਾਹਤ ਨੂੰ ਦਰਸਾਉਂਦੇ ਹਨ।

ਐਲਬਰਟਾ ਦੀ ਆਰਥਿਕਤਾ ਮਜ਼ਬੂਤੀ ਨਾਲ ਮੁੜ-ਸਥਾਪਤ ਹੋਈ ਹੈ, ਪਰੰਤੂ ਐਲਬਰਟਾ ਨਿਵਾਸੀ ਆਪਣੇ ਘਰਾਂ ਨੂੰ ਗਰਮ ਰੱਖਣ ਅਤੇ ਆਪਣੇ ਪਰਿਵਾਰਾਂ ਨੂੰ ਖਾਣਾ ਦੇਣ ਲਈ ਸੰਘਰਸ਼ ਕਰ ਰਹੇ ਹਨ। ਐਲਬਰਟਾ ਦੀ ਅਫੋਰਡੇਬਿਲਿਟੀ ਐਕਸ਼ਨ ਪਲੈਨ ਐਲਬਰਟਾ ਨੂੰ ਪੁੱਜਤਯੋਗਤਾ ਬਣਾਈ ਰੱਖਣ 'ਚ ਮਦਦ ਕਰ ਰਹੀ ਹੈ।

ਆਪਣੀ ਅੰਦਰੂਨੀ ਮਹਾਰਤ ਅਤੇ ਸਰੋਤਾਂ ਦੀ ਵਰਤੋਂ ਕਰਦਿਆਂ ਪੁੱਜਤਯੋਗਤਾ ਭੁਗਤਾਨਾਂ ਦੇ ਨਿਰਵਿਘਨ ਨਿਪਟਾਰੇ ਲਈ ਇਕ ਆਨਲਾਈਨ ਅਰਜ਼ੀ ਸਿਸਟਮ ਡਿਜ਼ਾਈਨ ਕੀਤਾ ਗਿਆ ਸੀ, ਜੋ ਪਰਿਵਾਰਾਂ, ਸੀਨੀਅਰਾਂ ਅਤੇ ਸੌਖਿਆਂ ਲਪੇਟ 'ਚ ਆ ਜਾਣ ਵਾਲੇ ਲੋਕਾਂ ਨੂੰ ਸਮੇਂ ਸਿਰ ਉਹ ਮਦਦ ਪ੍ਰਦਾਨ ਕਰੇ, ਜਿਸਦੀ ਉਨ੍ਹਾਂ ਨੂੰ ਲੋੜ ਹੈ। ਪੁੱਜਤਯੋਗਤਾ ਭੁਗਤਾਨ ਨਵੰਬਰ ਮਹੀਨੇ 'ਚ ਐਲਾਨ ਕੀਤੇ ਗਏ ਉਪਾਵਾਂ ਦੇ ਸਮੂਹ 'ਚੋਂ ਸਿਰਫ ਇਕ ਹੈ, ਜਿਹੜੇ ਇਸ ਪੁੱਜਤਯੋਗਤਾ ਸੰਕਟ 'ਚੋਂ ਐਲਬਰਟਾ ਨਿਵਾਸੀਆਂ ਨੂੰ ਕੱਢਣ 'ਚ ਮਦਦ ਕਰਨ ਲਈ ਹੁਣ ਹਰਕਤ 'ਚ ਹਨ।

"ਮੈਨੂੰ ਐਲਬਰਟਾ ਦੇ ਸਰਕਾਰੀ ਕਰਮਚਾਰੀਆਂ 'ਤੇ ਬੜਾ ਮਾਣ ਹੈ ਜਿੰਨ੍ਹਾਂ ਨੇ ਟੈਕਸ ਦੇਣ ਵਾਲਿਆਂ ਉੱਪਰ ਬਿਨਾਂ ਕਿਸੇ ਵਾਧੂ ਖਰਚੇ ਪਾਉਣ ਤੋਂ, ਦੋ ਮਹੀਨਿਆਂ ਤੋਂ ਘੱਟ ਦੇ ਸਮੇਂ ਵਿਚ ਭੁਗਤਾਨਾਂ ਦਾ ਆਪਣੀ ਪ੍ਰਕਾਰ-ਦਾ ਇਕ-ਪਹਿਲਾ ਪੋਰਟਲ ਵਿਕਸਤ ਕੀਤਾ। ਇਹ ਅਗਾਂਹ ਇਕ ਹੋਰ ਸਬੂਤ ਹੈ ਕਿ ਤਕਨਾਲੋਜੀ ਅਤੇ ਨਵੀਨਤਾਈਆਂ ਨਾਲ ਅਸੀਂ ਆਪਣੇ ਨਿਪਟਾਰਾ ਅਮਲਾਂ ਦਾ ਆਧੁਨਿਕੀਕਰਨ ਕਰ ਸਕਦੇ ਹਾਂ, ਉੱਚ ਦਰਜ਼ੇ ਦੇ ਹੱਲ ਅਤੇ ਵਧੇਰੇ ਯੂਜ਼ਰ-ਫਰੈਂਡਲੀ ਟੂਲ ਪ੍ਰਦਾਨ ਕਰ ਸਕਦੇ ਹਾਂ ਜਿਹੜੇ ਐਲਬਰਟਾ ਵਾਸੀਆਂ ਲਈ ਚੰਗੇਰੇ ਮੁੱਲ ਅਤੇ ਪ੍ਰੀਣਾਮ ਮੁਹੱਈਆ ਕਰ ਸਕਦੇ ਹਨ।"

*Nate Glubish, ਮਿਨਿਸਟਰ ਆਫ ਟੈਕਨਾਲੋਜੀ ਐਂਡ ਇੰਨੋਵੇਸ਼ਨ*

“ਐਲਬਰਟਾ ਨੂੰ ਪੁੱਜਤਯੋਗ ਬਣਾਈ ਰੱਖਣ ਦੇ ਸਾਡੇ ਲਗਾਤਾਰ ਯਤਨਾਂ ‘ਚ ਇਹ ਇਕ ਸ਼ਾਨਦਾਰ ਮੀਲ ਪੱਥਰ ਹੈ। ਇਕ ਮਿਲੀਅਨ ਬੱਚੇ, ਸੀਨੀਅਰ, ਅਤੇ ਮੂਲ ਸਹਾਇਤਾ ਪ੍ਰੋਗਰਾਮਾਂ ਉਪਰਲੇ ਐਲਬਰਟਾ ਨਿਵਾਸੀ ਹੁਣ ਮਹਿੰਗਾਈ ਦੇ ਚੁਣੌਤੀਪੂਰਨ ਦਬਾਅ ਨੂੰ ਘਟਾਉਣ ਲਈ ਮਾਸਕ ਪੁੱਜਤਯੋਗਤਾ ਭੁਗਤਾਨ ਪ੍ਰਾਪਤ ਕਰਨ ਵਾਸਤੇ ਐਨਰੋਲ ਹੋਏ ਹਨ। ਸਾਡੀ ਸਰਕਾਰ ਪੁੱਜਤਯੋਗਤਾ ਉਪਰ ਕੇਂਦਰਿਤ ਰਹਿ ਰਹੀ ਹੈ ਅਤੇ ਅਸੀਂ ਐਲਬਰਟਾ ਨਿਵਾਸੀਆਂ ਲਈ ਵਧੇਰੇ ਰਾਹਤ ਭਾਲਣਾ ਜਾਰੀ ਰੱਖਾਂਗੇ।”

*Matt Jones, ਮਿਨਿਸਟਰ ਆਫ ਅਫੋਰਡੇਬਿਲਿਟੀ ਐਂਡ ਯੁਟਿਲਿਟੀਜ਼*

ਮੌਜੂਦਾ ਸਮੇਂ ਭੁਗਤਾਨ ਪ੍ਰਾਪਤ ਕਰ ਰਹੇ ਇਕ ਮਿਲੀਅਨ ਐਲਬਰਟਾ ਨਿਵਾਸੀਆਂ ‘ਚੋਂ 300,000 ਸਵੈ-ਐਨਰੋਲ ਹੋਏ ਅਤੇ 700,000 ਤੋਂ ਵੱਧ ਨੇ ਪੋਰਟਲ ਰਾਹੀਂ ਅਰਜ਼ੀਆਂ ਦਿੱਤੀਆਂ। ਪੋਰਟਲ ਰਾਹੀਂ ਅਰਜ਼ੀਆਂ ਦੇਣ ਵਾਲਿਆਂ ‘ਚੋਂ 650,000 ਤੋਂ ਵਧੇਰੇ ਆਪਣਾ ਪਹਿਲਾ ਭੁਗਤਾਨ ਪ੍ਰਾਪਤ ਕਰ ਚੁੱਕੇ ਹਨ, ਜਦੋਂ ਕਿ ਬਾਕੀ ਰਹਿੰਦੇ ਆਉਣ ਵਾਲੇ ਦਿਨਾਂ ‘ਚ ਆਪਣਾ ਪਹਿਲਾ ਭੁਗਤਾਨ ਪ੍ਰਾਪਤ ਕਰ ਲੈਣਗੇ।

600 ਡਾਲਰ ਪੁੱਜਤਯੋਗਤਾ ਭੁਗਤਾਨ ਉਨ੍ਹਾਂ ਸੈਂਕੜੇ ਡਾਲਰਾਂ ‘ਚ ਹੋਰ ਵਾਧਾ ਕਰਦੇ ਹਨ ਜਿਹੜੇ ਐਲਬਰਟਾ ਨਿਵਾਸੀ ਅਫੋਰਡੇਬਿਲਿਟੀ ਐਕਸ਼ਨ ਪਲੈਨ ਤਹਿਤ ਪ੍ਰਾਪਤ ਕਰ ਰਹੇ ਅਤੇ ਬਚਾ ਰਹੇ ਹਨ। ਇਸ ‘ਚ ਸ਼ਾਮਲ ਹੈ ਅੰਦਾਜ਼ਨ 900 ਡਾਲਰ ਦੀ ਬੱਚਤ, ਜੋ ਸੂਬਾਈ ਫਿਊਲ ਟੈਕਸ ਮੁਅੱਤਲੀ, ਬਿਜਲੀ ਉੱਪਰ ਰਿਬੇਟਾਂ ‘ਚ ਵਾਧਾ, ਮੂਲ ਸਹਾਇਤਾ ਪ੍ਰੋਗਰਾਮਾਂ ਦੇ ਬੈਨੇਫਿਟ ਭੁਗਤਾਨ ਨੂੰ ਵਧਾਉਣ ਅਤੇ 2023 ਦੇ ਅੰਤ ਤੱਕ ਨਿੱਜੀ ਸਵਾਰੀ ਗੱਡੀਆਂ ਦੇ ਇੰਸ਼ੋਰੈਂਸ ਦੇ ਵਾਧੇ ‘ਤੇ ਰੋਕ ਦੁਆਰਾ ਹੁੰਦੀ ਹੈ।

ਇਨ੍ਹਾਂ ਸਹਾਇਤਾਵਾਂ ਤੋਂ ਇਲਾਵਾ, ਐਲਬਰਟਾ ਸਰਕਾਰ ਨੇ ਫੂਡਬੈਂਕਾਂ ਅਤੇ ਹੋਰ ਕਮਿਊਨਿਟੀ ਗਰੁੱਪਾਂ ਨੂੰ ਵਧੀਕ ਵਿੱਤੀ ਸਹਾਇਤਾ ਪ੍ਰਦਾਨ ਕੀਤੀ, ਘੱਟ ਆਮਦਨੀ ਵਾਲਿਆਂ ਵਾਸਤੇ ਟ੍ਰਾਂਜ਼ਿਟ ਪਾਸ ਪ੍ਰੋਗਰਾਮ ਲਈ ਵਧੇਰੇ ਫੰਡਿੰਗ ਦਿੱਤੀ ਅਤੇ ਨਿੱਜੀ ਆਮਦਨ ਟੈਕਸ ਨੂੰ ਸੂਚੀਬੱਧ ਕੀਤਾ।

ਸੂਝਵਾਨ ਫੈਸਲੇ ਕਰਨ ਅਤੇ ਐਲਬਰਟਾ ਦੀ ਗਤੀਸ਼ੀਲ ਅਤੇ ਵਧ ਫੁਲ ਰਹੀ ਆਰਥਿਕਤਾ ਦਾ ਧੰਨਵਾਦ, ਕਿ ਸੂਬਾ ਸੰਤੁਲਨ ਬੱਜਟ ਸਹਿਤ ਮਜ਼ਬੂਤ ਵਿੱਤੀ ਸਥਿੱਤੀ ‘ਚ ਹੈ, ਜਿਸਨੇ ਐਲਬਰਟਾ ਸਰਕਾਰ ਨੂੰ ਰਾਹਤ ਪੇਸ਼ ਕਰ ਸਕਣ ਦੇ ਯੋਗ ਬਣਾਇਆ ਹੈ ਤਾਂ ਕਿ ਐਲਬਰਟਾ ਨਿਵਾਸੀ ਅਤੇ ਪਰਿਵਾਰ ਮਹਿੰਗਾਈ ਦੇ ਇਸ ਸੰਕਟ ਅਤੇ ਇਸ ਤੋਂ ਅੱਗੇ ਆਪਣਾ ਪ੍ਰਬੰਧਨ ਚੰਗੇਰੀ ਤਰ੍ਹਾਂ ਕਰ ਸਕਣ ਦੇ ਯੋਗ ਹੋਣ।

## ਫੌਰੀ ਤੱਥ

- ਪੋਰਟਲ ਖੁੱਲ੍ਹਣ ਦੇ ਪਹਿਲੇ 24 ਘੰਟਿਆਂ ਦੇ ਅੰਦਰ ਭੁਗਤਾਨ ਵਾਸਤੇ 140,000 ਤੋਂ ਵੱਧ ਅਰਜ਼ੀਆਂ ਦਾ ਸਫਲਤਾ ਸਹਿਤ ਨਿਪਟਾਰਾ ਹੋਇਆ ਜਿਸ ਨਾਲ 190,000 ਬੱਚਿਆਂ ਅਤੇ 65,000 ਸੀਨੀਅਰਾਂ ਦੀ ਮਦਦ ਹੋਈ।
- 31 ਜਨਵਰੀ ਨੂੰ 575,000 ਐਲਬਰਟਾ ਨਿਵਾਸੀਆਂ ਨੂੰ ਉਨ੍ਹਾਂ ਦਾ ਪਹਿਲਾ ਭੁਗਤਾਨ ਸਿੱਧੇ ਡਿਪਾਜ਼ਿਟਾਂ ਜਾਂ ਚੈੱਕਾਂ ਰਾਹੀਂ ਪ੍ਰਾਪਤ ਹੋਇਆ, ਜਿਸ ਨਾਲ 400,000 ਤੋਂ ਵਧੇਰੇ ਸੀਨੀਅਰਾਂ ਅਤੇ 174,000 ਤੋਂ ਵਧੇਰੇ ਬੱਚਿਆਂ ਦੀ ਮਦਦ ਹੋਈ।

- ਐਲਬਰਟਾ ਨਿਵਾਸੀ ਸਾਡੇ ਵੱਡ-ਆਧਾਰੀ ਅਤੇ ਸੇਧਿਤ ਪੁੱਜਤਯੋਗਤਾ ਰਾਹਤ ਪ੍ਰੋਗਰਾਮਾਂ ਬਾਰੇ ਆਨਲਾਈਨ ਵਧੇਰੇ ਜਾਣ ਸਕਦੇ ਹਨ।

*ਬੱਚਿਆਂ, ਸੀਨੀਅਰਾਂ ਅਤੇ ਸੌਖਿਆਂ ਲਪੇਟ 'ਚ ਆ ਸਕਣ ਵਾਲੇ ਐਲਬਰਟਾ ਨਿਵਾਸੀਆਂ ਦੀ ਸਹਾਇਤਾ ਕਰਨਾਂ*

- 8 ਫਰਵਰੀ ਤੱਕ 950,000 ਐਲਬਰਟਾ ਨਿਵਾਸੀਆਂ ਨੇ ਜਾਂ ਉਨ੍ਹਾਂ ਵਾਸਤੇ ਉਨ੍ਹਾਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਨੇ ਛੇ ਤੱਕ ਦੇ ਆਪਣੇ 100 ਡਾਲਰ ਦੇ ਭੁਗਤਾਨਾਂ 'ਚੋਂ ਪਹਿਲੇ ਭੁਗਤਾਨ ਪ੍ਰਾਪਤ ਕੀਤੇ।
  - ਇਨ੍ਹਾਂ 'ਚ 469,000 ਬੱਚੇ, 380,000 ਸੀਨੀਅਰ ਅਤੇ 118,000 ਸੌਖਿਆਂ ਲਪੇਟ 'ਚ ਆਉਣ ਵਾਲੇ ਐਲਬਰਟਾ ਨਿਵਾਸੀ ਸ਼ਾਮਲ ਸਨ ਜਿਹੜੇ ਮੂਲ ਸਹਾਇਤਾ ਪ੍ਰੋਗਰਾਮਾਂ ਜਿਵੇਂ AISH, ਇਨਕਮ ਸੁਪੋਰਟ ਅਤੇ ਪ੍ਰਸਨਜ਼ ਵਿਦ ਡਿਵੈਲਪਮੈਂਟਲ ਡਿਸਏਬਿਲਿਟੀ (PDD) ਪ੍ਰੋਗਰਾਮ ਉੱਪਰ ਹਨ।
  - ਹੁਣ ਤੱਕ, ਐਲਬਰਟਾ ਨਿਵਾਸੀਆਂ ਨੂੰ 96 ਮਿਲੀਅਨ ਡਾਲਰ ਪੁੱਜਤਯੋਗਤਾ ਭੁਗਤਾਨਾਂ 'ਚ ਪ੍ਰਾਪਤ ਹੋ ਚੁੱਕਿਆ ਹੈ। ਇਹ ਅਨੁਮਾਨ ਹੈ ਕਿ ਪੂਰੇ ਛੇ ਮਹੀਨਿਆਂ ਦੌਰਾਨ ਕੁੱਲ ਤਕਰੀਬਨ 500 ਮਿਲੀਅਨ ਡਾਲਰ ਇਸ ਰਾਹੀਂ ਦਿੱਤਾ ਗਿਆ ਹੋਵੇਗਾ।
- ਉਨ੍ਹਾਂ ਸਾਰੇ ਐਲਬਰਟਾ ਨਿਵਾਸੀਆਂ ਨੂੰ ਸਿੱਧੇ ਡਿਪਾਜ਼ਿਟਾਂ ਜਾਂ ਚੈੱਕਾਂ ਰਾਹੀਂ ਭੁਗਤਾਨ ਕੀਤੇ ਜਾ ਚੁੱਕੇ ਹਨ, ਜਿੰਨ੍ਹਾਂ ਨੇ ਸਫਲ ਰੂਪ 'ਚ 27 ਜਨਵਰੀ ਤੋਂ ਪਹਿਲਾਂ ਨਾ ਦਾਖਲ ਕਰ ਲਏ ਸਨ। ਜਿਹੜੇ ਐਲਬਰਟਾ ਨਿਵਾਸੀ 27 ਜਨਵਰੀ ਤੋਂ ਮਗਰੋਂ ਐਨਰੋਲ ਹੋਏ ਉਨ੍ਹਾਂ ਨੂੰ ਉਨ੍ਹਾਂ ਵੱਲੋਂ ਅਰਜ਼ੀਆਂ ਭਰਨ ਦੇ 10 ਦਿਨਾਂ ਦੇ ਅੰਦਰ ਅੰਦਰ ਭੁਗਤਾਨ ਹੋ ਜਾਣਗੇ।
- ਆਪਣੀਆਂ ਅਰਜ਼ੀਆਂ ਦੇ ਸਬੰਧ 'ਚ ਮਦਦ ਲਈ ਐਲਬਰਟਾ ਨਿਵਾਸੀ ਇਹ ਕਰ ਸਕਦੇ ਹਨ::
  - ਵੇਰੀਫਾਈਡ ਅਕਾਊਂਟ ਸਹਾਇਤਾ ਲਾਈਨ ਨੂੰ 1-844-643-2789 'ਤੇ ਫੋਨ ਕਰ ਸਕਦੇ ਹਨ।.
  - ਅਫੋਰਡੇਬਿਲਿਟੀ ਐਕਸ਼ਨ ਪਲੈਨ ਦੀ ਜਾਣਕਾਰੀ ਲਾਈਨ 1-844-644-9955 'ਤੇ ਫੋਨ ਕਰ ਸਕਦੇ ਹਨ।
  - ਕਿਸੇ ਰਜਿਸਟਰੀ ਏਜੰਟ ਜਾਂ ਐਲਬਰਟਾ ਸੁਪੋਰਟਸ ਸੈਂਟਰ 'ਤੇ 50 ਲੁਕੇਸ਼ਨਾਂ 'ਤੇ ਅਤੇ 100 ਤੋਂ ਵਧੇਰੇ ਭਾਸ਼ਾਵਾਂ 'ਚ ਮੁਫਤ ਸਹਾਇਤਾ ਲਈ ਖੁਦ ਹਾਜ਼ਰ ਹੋ ਸਕਦੇ ਹਨ।

*ਸਾਰੇ ਐਲਬਰਟਾ ਨਿਵਾਸੀਆਂ ਲਈ ਮਹਿੰਗਾਈ ਰਾਹਤ*

- ਰਾਹਤ ਪ੍ਰਦਾਨ ਕਰਦੀਆਂ ਹੋਰ ਪੁੱਜਤਯੋਗਤਾ ਸਹਾਇਤਾ 'ਚ ਸ਼ਾਮਲ ਹਨ:
  - ਬਿਜਲੀ ਰਿਬੇਟਾਂ 'ਚ ਕੁੱਲ 500 ਡਾਲਰ।
  - ਅੰਦਾਜ਼ਨ ਫਿਊਲ ਟੈਕਸ ਰਾਹਤਾਂ 'ਚ ਡਰਾਈਵਰਾਂ ਲਈ ਸੈਂਕੜੇ ਡਾਲਰ।
  - ਮੂਲ ਸਹਾਇਤਾ ਪ੍ਰੋਗਰਾਮਾਂ ਜਿਵੇਂ AISH, ਇੰਨਕਮ ਸੁਪੋਰਟ, ਸੀਨੀਅਰਜ਼ ਬੈਨੇਫਿਟ ਅਤੇ ਐਲਬਰਟਾ ਚਾਈਲਡ ਐਂਡ ਫੈਮਿਲੀ ਬੈਨੇਫਿਟਾਂ 'ਚ ਛੇ ਪ੍ਰਤਿਸ਼ਤ ਸੂਚੀਕਰਨ ਵਾਧੇ।
  - ਕੁਦਰਤੀ ਗੈਸ ਅਤੇ ਬਿਜਲੀ ਦੀ ਕੀਮਤ ਦੀ ਸੁਰੱਖਿਆ।
  - ਨਿੱਜੀ ਆਮਦਨੀ ਟੈਕਸ ਤਬਦੀਲੀਆਂ, ਜਿਹੜੀਆਂ ਇਕੱਲੇ ਵਿਅਕਤੀਆਂ ਅਤੇ ਪਰਿਵਾਰਾਂ ਦੀਆਂ ਜੇਬਾਂ 'ਚ ਵਧੇਰੇ ਪੈਸਾ ਰੱਖ ਸਕਣ 'ਚ ਮਦਦ ਕਰਨਗੀਆਂ।
- ਐਲਬਰਟਾ ਦੀ ਤਿੰਨ-ਸਾਲਾ 2.8 ਮਿਲੀਅਨ ਡਾਲਰ ਦੀ ਅਫੋਰਡੇਬਿਲਿਟੀ ਐਕਸ਼ਨ ਪਲੈਨ ਦੇ ਕਈ ਭਾਗ ਐਲਬਰਟਾ ਨਿਵਾਸੀਆਂ ਨੂੰ ਭਵਿੱਖ ਵਿਚ ਵੀ ਸਹਾਇਤਾ ਪ੍ਰਦਾਨ ਕਰਦੇ ਰਹਿਣਗੇ।

    - ਇੰਨ੍ਹਾਂ ‘ਚ ਸ਼ਾਮਲ ਹਨ ਕੁਦਰਤੀ ਗੈਸ ਰਿਬੇਟਾਂ ਅਤੇ ਫਿਊਲ ਟੈਕਸ ਰਾਹਤ, ਜੋ ਕੀਮਤਾਂ ‘ਚ ਵਾਧੇ ਵਾਲੀਆਂ ਚੀਜ਼ਾਂ ‘ਤੇ ਆਧਾਰਿਤ ਹੋਣਗੀਆਂ, ਅਤੇ ਐਲਬਰਟਾ ਦੇ ਟੈਕਸ ਸਿਸਟਮ ਦਾ ਸੂਚੀਕਰਨ ਅਤੇ ਸਮਾਜਿਕ ਸਹਾਇਤਾਵਾਂ।
- ਐਲਬਰਟਾ ਸਰਕਾਰ  ਨੇ ਬੱਚਿਆਂ ਦੀ ਦੇਖਭਾਲ ਲਈ ਪੁੱਜਤਯੋਗਤਾ ਉਪਾਵਾਂ ਬਾਰੇ ਫੈਡਰਲ ਸਰਕਾਰ ਨਾਲ ਇਕ ਐਗਰੀਮੈਂਟ ਵੀ ਤੈਅ ਕੀਤਾ ਹੈ ਜਿਹੜਾ ਮਾਪਿਆਂ ਲਈ ਦੇਖਭਾਲ ਤਹਿਤ ਇਕ ਫੁੱਲ-ਟਾਈਮ ਬੱਚੇ ਵਾਸਤੇ 450 ਡਾਲਰ ਤੋਂ 635 ਡਾਲਰ ਤੱਕ ਮਾਸਿਕ ਬੱਚਤ ਕਰੇਗਾ।

## ਸਬੰਧਤ ਜਾਣਕਾਰੀ

- ਆਪਣੇ ਵੇਰੀਫਾਈਡ ਅਕਾਊਂਟ ਸਟੇਟਸ ਲਈ ਸਾਈਨ-ਅੱਪ ਕਰੋ ਜਾਂ ਉਸਨੂੰ ਚੈੱਕ ਕਰੋ
- ਪੁੱਜਤਯੋਗਤਾ ਭੁਗਤਾਨਾਂ ਲਈ ਅਰਜ਼ੀ ਦਿਉ
- ਅਫੋਰਡੇਬਿਲਿਟੀ ਐਕਸ਼ਨ ਪਲੈਨ

## ਮਲਟੀਮੀਡੀਆ

- ਵੀਡੀਉ: ਆਪਣੇ ਪੁੱਜਤਯੋਗਤਾ ਭੁਗਤਾਨਾਂ ਲਈ ਅਰਜ਼ੀ ਕਿਵੇਂ ਦੇਣੀ ਹੈ